**International Journal of Research in Economics and Social Sciences(IJRESS)**
Available online at: http://euroasiapub.org
Vol. 14 Issue 4, April- 2024
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

# ਭਗਤੀ-ਕਾਲ ਅਤੇ ਭਗਤ-ਬਾਣੀ ਵਿੱਚ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਦਾ ਚਿਤਰਣ

**ਮਨਦੀਪ ਕੌਰ**,
ਅਸਿਸਟੈਂਟ ਪ੍ਰੋਫ਼ੈਸਰ, ਇਤਿਹਾਸ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ।

**ਸਾਰ:-** ਭਗਤੀ-ਕਾਲ ਅਤੇ ਸਮਕਾਲੀਨ ਸਮੇਂ ਵਿੱਚ ਮਿਲਦੇ ਨਿਰਗੁਣ ਭਗਤਾਂ ਦੀ ਬਾਣੀ ਵਿੱਚੋਂ ਸਾਨੂੰ ਸਮਕਾਲ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਰਤਾਰਿਆਂ ਦਾ ਪ੍ਰਗਟਾਵਾ ਸਹਿਜੇ ਹੋ ਜਾਂਦਾ ਹੈ। ਸਮੁੱਚੀ ਭਗਤੀ ਲਹਿਰ ਦੀ ਸਭ ਤੋਂ ਵੱਡੀ ਦੇਣ ਹੈ ਕਿ ਇਸਨੇ ਵਰਣ-ਵਿਵਸਥਾ ਦੀਆਂ ਅਮਾਨਵੀ ਕੁਰੀਤੀਆਂ ਨੂੰ ਦੂਰ ਕਰਨ ਅਤੇ ਸਮਾਜਿਕ ਨੈਤਿਕਤਾ ਨੂੰ ਸਮਕਾਲੀ ਲੋੜਾਂ ਅਨੁਸਾਰ ਢਾਲਣ ਦਾ ਇਤਿਹਾਸਕ ਮਹੱਤਵ ਵਾਲਾ ਕਾਰਜ ਕੀਤਾ। ਜਾਤ-ਪਾਤ ਦੇ ਵਿਤਕਰੇ ਨੂੰ ਸਮਾਪਤ ਕਰਨ ਦਾ ਧਾਰਮਿਕ-ਦਾਰਸ਼ਨਿਕ ਆਧਾਰ ਪ੍ਰਸਤੁਤ ਕਰਨਾ ਇਸ ਲਹਿਰ ਦੀ ਪ੍ਰਮੁੱਖ ਵਿਸ਼ੇਸ਼ਤਾ ਨਜ਼ਰ ਆਉਂਦੀ ਹੈ।[1] ਅਸਲ ਵਿੱਚ ਕਿਸੇ ਵੀ ਕਾਲ/ਯੁੱਗ/ਸਮੇਂ ਦੀਆਂ ਸਮਾਜਿਕ ਪ੍ਰਸਥਿਤੀਆਂ ਦੀ ਉਤਪਤੀ ਪਿੱਛੇ ਉਸ ਸਮੇਂ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ, ਮਨੋਵਿਗਿਆਨਕ ਅਤੇ ਅਧਿਆਤਮਿਕ ਪ੍ਰਸਥਿਤੀਆਂ ਦਾ ਵਧੇਰੇ ਯੋਗਦਾਨ ਹੁੰਦਾ ਹੈ।

**ਮੁੱਖ ਸ਼ਬਦ:-** ਭਗਤੀ-ਕਾਲ, ਭਗਤ-ਬਾਣੀ, ਭਗਤੀ ਲਹਿਰ, ਤਤਕਾਲੀਨ, ਸਮਾਜਿਕ, ਰਾਜਨੀਤਿਕ, ਧਾਰਮਿਕ, ਮੁਗ਼ਲ, ਮੁਸਲਮਾਨ, ਬ੍ਰਾਹਮਣ, ਕਾਜ਼ੀ।

**ਜਾਣ-ਪਛਾਣ:-** ਪ੍ਰਸਤਾਵਨਾ ਵਿੱਚ ਪ੍ਰਗਟਾਈ ਗਈ ਟਿੱਪਣੀ ਦੇ ਆਧਾਰ 'ਤੇ ਆਖਿਆ ਜਾ ਸਕਦਾ ਹੈ ਕਿ ਹਰ ਕਾਲ ਵਿੱਚ ਧਰਮ, ਰਾਜਨੀਤੀ ਅਤੇ ਸਮਾਜ ਤਿੰਨੋਂ ਹਮੇਸ਼ਾਂ ਹੀ ਇੱਕ ਤਰ੍ਹਾਂ ਨਾਲ ਰਲਗੱਡ ਰੂਪ ਵਿੱਚ ਰਹੇ ਹਨ ਅਤੇ ਭਵਿੱਖ ਵਿੱਚ ਵੀ ਰਹਿਣਗੇ। ਇਨ੍ਹਾਂ ਤਿੰਨਾਂ ਨੂੰ ਇੱਕ-ਦੂਜੇ ਨਾਲੋਂ ਵੱਖ ਕਰਨਾ ਯੋਗ ਨਹੀਂ ਸਮਝਿਆ ਜਾਂਦਾ, ਜਦੋਂ ਅਸੀਂ ਇਨ੍ਹਾਂ ਤਿੰਨਾਂ ਖੇਤਰਾਂ ਸੰਬੰਧੀ ਭਗਤੀ-ਕਾਲ ਅਤੇ ਪ੍ਰਾਪਤ ਭਗਤ-ਬਾਣੀ ਵਿੱਚੋਂ ਜਾਣਕਾਰੀ ਹਾਸਿਲ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਭਗਤ-ਬਾਣੀ ਵਿੱਚ ਇਨ੍ਹਾਂ ਤਿੰਨਾਂ ਤਤਕਾਲੀਨ ਖੇਤਰਾਂ ਬਾਰੇ ਬੜੇ ਸੁੰਦਰ ਢੰਗ ਨਾਲ ਪ੍ਰਗਟਾਅ ਤੇ ਵਿਸਥਾਰਪੂਰਵਕ ਵਰਨਣ ਹੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ। ਭਗਤਾਂ ਦਾ ਯੁੱਗ, ਜਿਸ ਵਿੱਚ ਭਗਤੀ ਅੰਦੋਲਨ ਦਾ ਉੱਤਰੀ ਭਾਰਤ ਵਿੱਚ ਉਦੈ ਹੋਇਆ, ਉਸਨੂੰ ਭਾਰਤੀ ਇਤਿਹਾਸ ਵਿੱਚ 'ਤੁਰਕ-ਅਫ਼ਗਾਨ' ਕਾਲ ਆਖਿਆ ਜਾਂਦਾ ਹੈ। ਇਹ ਯੁੱਗ ਬਾਰ੍ਹਵੀਂ ਸਦੀ ਈਸਵੀ ਤੋਂ ਲੈ ਕੇ ਪੰਦਰ੍ਹਵੀਂ ਸਦੀ ਤੱਕ ਚੱਲਦਾ ਹੈ। ਸੋਲ੍ਹਵੀਂ ਸਦੀ ਦੇ ਪਹਿਲੇ ਭਾਗ ਵਿੱਚ ਇਸਦਾ ਅੰਤ ਹੋ ਜਾਂਦਾ ਹੈ। ਤੁਰਕ-ਅਫ਼ਗਾਨ ਜਾਤੀਆਂ ਦਾ ਰਾਜ ਹੋਣ ਕਾਰਨ ਇਸਨੂੰ 'ਤੁਰਕ-ਅਫ਼ਗਾਨ' ਕਾਲ ਆਖਿਆ ਜਾਂਦਾ ਹੈ। ਇਸ ਤੋਂ ਬਾਅਦ ਭਾਰਤ ਵਿੱਚ ਮੁਗ਼ਲਾਂ ਦਾ ਰਾਜ ਸਥਾਪਿਤ ਹੋ ਗਿਆ। ਇਨ੍ਹਾਂ ਦੋ ਵਿਦੇਸ਼ੀ ਹਾਕਮ ਜਾਤੀਆਂ ਦੇ ਰਾਜ-ਕਾਲ ਵਿੱਚ ਹੀ ਉੱਤਰੀ ਭਾਰਤ ਵਿੱਚ ਭਗਤੀ ਦੀ ਪ੍ਰਵਾਹਮਈ ਨਦੀ ਵਗਦੀ ਰਹੀ ਹੈ। ਇਸਦਾ ਆਰੰਭ ਤੁਗਲਕ ਵੰਸ਼ ਦੇ ਆਰੰਭ ਕਾਲ ਵਿੱਚ, ਫਿਰ ਸੱਯਦ ਅਤੇ ਲੋਧੀ ਵੰਸ਼ਾਂ ਦੇ ਆਰੰਭ ਵਿੱਚ ਅਤੇ ਵਿਕਾਸ-ਪੜ੍ਹਾਵਾਂ ਦਾ ਕਰਮ ਚੱਲਦਾ ਰਿਹਾ ਹੈ ਅੰਤਿਮ ਮੁਗ਼ਲ ਸਮਰਾਟਾਂ ਤੱਕ। ਤਿੰਨ-ਚਾਰ ਸਦੀਆਂ ਦਾ ਇਹ ਲੰਬਾ ਅਰਸਾ, ਭਾਰਤ ਦੀ ਜਨਤਾ ਲਈ ਬਹੁਤ ਨਿਰਾਸ਼ਾ ਅਤੇ ਔਕੜ ਭਰਪੂਰ ਸਮਾਂ ਸੀ। ਇਸਲਾਮ ਕਿਉਂਕਿ ਰਾਜ ਧਰਮ ਸੀ, ਇਸ ਲਈ ਇਸਦੇ ਪ੍ਰਚਾਰ/ਪ੍ਰਸਾਰ ਦਾ ਕਾਰਜ ਤਲਵਾਰ ਦੀ ਨੋਕ 'ਤੇ ਕੀਤਾ ਜਾਂਦਾ ਸੀ। ਇਸੇ ਸਿਲਸਿਲੇ ਵਿੱਚ ਭਾਰਤੀ ਧਰਮ ਮੰਦਰਾਂ ਅਤੇ ਧਰਮ ਗ੍ਰੰਥਾਂ ਨੂੰ ਨਸ਼ਟ ਕੀਤਾ ਜਾ ਰਿਹਾ ਸੀ। ਇੱਥੋਂ ਦੇ ਸਥਾਨਕ ਰਾਜਿਆਂ-ਰਜਵਾੜਿਆਂ ਦੀ

---

[1] ਡਾ. ਮਦਨ ਗੋਪਾਲ ਆਚਾਰੀਆ, *ਆਦਿ-ਗ੍ਰੰਥ ਵਿੱਚ ਸੰਕਲਿਤ ਭਗਤ-ਬਾਣੀ ਵਿੱਚ ਨੈਤਿਕਤਾ ਦਾ ਸੰਕਲਪ*, ਭਾਸ਼ਾ ਵਿਭਾਗ, ਪੰਜਾਬ, 2001, ਪੰਨਾ 28

**International Journal of Research in Economics and Social Sciences(IJRESS)**
Available online at: http://euroasiapub.org
Vol. 14 Issue 4, April- 2024
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

ਸ਼ਕਤੀ ਅਤੇ ਸਵੈ-ਅਭਿਮਾਨ ਆਪਸੀ ਵਿਰੋਧ ਅਤੇ ਫੁੱਟ ਕਾਰਨ ਨਸ਼ਟ ਹੋ ਰਿਹਾ ਸੀ। ਉਹ ਇੰਨੇ ਕਮਜ਼ੋਰ ਹੋ ਚੁੱਕੇ ਸਨ ਕਿ ਉਨ੍ਹਾਂ ਵਿੱਚ ਕਿਸੇ ਬਾਹਰਲੇ ਹਮਲਾਵਰ ਦਾ ਟਾਕਰਾ ਕਰਨ ਦੀ ਸਮਰੱਥਾ ਨਹੀਂ ਰਹੀ ਸੀ। ਇਸ ਲਈ ਦੇਸ਼ ਵਿੱਚ ਅਰਾਜਕਤਾ ਦਾ ਬੋਲਬਾਲਾ ਸੀ ਅਤੇ ਜਨ-ਜੀਵਨ ਅਸਤ-ਵਿਅਸਤ ਹੋ ਚੁੱਕਿਆ ਸੀ।[2]

ਇਨ੍ਹਾਂ ਉਪਰੋਕਤ ਵਰਣਿਤ ਤਤਕਾਲੀਨ ਰਾਜਸੀ ਵਰਤਾਰਿਆਂ ਨੂੰ ਭਗਤ-ਕਵੀਆਂ ਨੇ ਆਪਣੇ ਜੀਵਨ-ਕਾਲ ਦੌਰਾਨ ਵੇਖਿਆ-ਪਰਖਿਆ ਅਤੇ ਇਨ੍ਹਾਂ ਤੋਂ ਉਤਪੰਨ ਗੁਣਾਂ-ਔਗੁਣਾਂ ਨੂੰ ਵੀ ਸਮਝਿਆ ਅਤੇ ਆਪਣੀਆਂ ਰਚਨਾਵਾਂ ਵਿੱਚ ਬਿਆਨਣ ਤੋਂ ਇਲਾਵਾ ਇਨ੍ਹਾਂ ਦੇ ਉਪਾਵਾਂ ਭਾਵ ਇਨ੍ਹਾਂ ਤੋਂ ਨਿਜਾਤ ਪਾਉਣ ਦਾ ਵੱਲ ਵੀ ਦ੍ਰਿੜਾਇਆ ਹੈ। ਭਾਵ ਭਗਤ ਕਵੀਆਂ ਨੇ ਰਾਜਾ ਕਿਹੋ ਜਿਹਾ ਹੋਣਾ ਚਾਹੀਦਾ ਹੈ; ਭਾਵ ਰਾਜੇ ਦਾ ਸੰਕਲਪ, ਉਸਦਾ ਆਚਰਣ, ਕੰਮ-ਕਾਜ ਅਤੇ ਜਨਤਾ ਪ੍ਰਤੀ ਉਸਦਾ ਵਤੀਰਾ, ਇਸ ਸਭ ਕੁਝ ਦਾ ਵਰਣਨ ਆਪਣੀ ਬਾਣੀ ਵਿੱਚ ਕੀਤਾ ਹੈ।[3] ਭਗਤ ਕਬੀਰ ਅਤੇ ਭਗਤ ਰਵਿਦਾਸ ਆਪਣੀ ਬਾਣੀ ਵਿੱਚ ਰਾਜੇ ਅਤੇ ਰਾਜਨੀਤੀ ਦੇ ਸੰਕਲਪ ਸੰਬੰਧੀ ਵਿਚਾਰ ਦ੍ਰਿੜਾਉਂਦੇ ਹਨ:

(ੳ) ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥[4]

(ਅ) ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥[5]

ਅਸਲ ਵਿੱਚ ਭਗਤ-ਕਵੀਆਂ ਨੇ ਆਪਣੀ ਬਾਣੀ ਜ਼ਰ੍ਹੀਏ ਚੰਗੇਰੇ ਰਾਜੇ ਦੇ ਚਰਿੱਤਰ/ਵਿਵਹਾਰ ਸੰਬੰਧੀ ਵੀ ਵਿਚਾਰ ਦ੍ਰਿੜਾਏ ਹਨ। ਉਨ੍ਹਾਂ ਨੇ ਕਿਹਾ ਹੈ ਕਿ ਰਾਜਾ ਲੋਕਾਂ ਦਾ ਹਿਤੈਸ਼ੀ, ਰੱਖਿਅਕ, ਨਿਆਂ-ਪਸੰਦ, ਸਚਿਆਰਾ ਅਤੇ ਸੀਲ-ਸੁਭਾਅ ਦਾ ਮਾਲਕ ਹੋਣਾ ਚਾਹੀਦਾ ਹੈ। ਭਗਤ ਨਾਮਦੇਵ ਜੀ ਜ਼ੁਲਮ ਕਰਨ ਤੇ ਰਿਸ਼ਵਤ ਲੈਣ ਦੀ ਵਿਰੋਧਤਾ ਦਾ ਝੰਡਾ ਬੁਲੰਦ ਕਰਦੇ ਹੋਏ ਆਖਦੇ ਹਨ:

(ੳ) ਇਸ ਪਤੀਆ ਕਾ ਇਹੈ ਪਰਵਾਨੁ॥
ਸਾਚਿ ਸੀਲੀ ਚਾਲਹੁ ਸੁਲਿਤਾਨ॥[6]

(ਅ) ਮਾਲੁ ਲੇਉ ਤਉ ਦੋਜਕਿ ਪਰਉ॥
ਦੀਨੁ ਛੋਡਿ ਦੁਨੀਆ ਕਉ ਭਰਉ॥
ਪਾਵਹੁ ਬੇੜੀ ਹਾਥਹੁ ਤਾਲ॥
ਨਾਮਾ ਗਾਵੈ ਗੁਨ ਗੋਪਾਲ॥[7]

ਸਮੂਹ ਨਿਰਗੁਣ ਭਗਤ-ਕਵੀਆਂ ਨੇ ਆਪਣੀ ਬਾਣੀ ਵਿੱਚ ਆਪਣੇ ਸਮਕਾਲੀਨ/ਤਤਕਾਲੀਨ ਕਿਸੇ ਵੀ ਰਾਜਾ-ਵਿਸ਼ੇਸ਼ ਦੀ ਉਸਤਤ ਨਹੀਂ ਕੀਤੀ, ਸਗੋਂ ਉਨ੍ਹਾਂ ਨੂੰ ਸਚਿਆਰਾ ਰਾਜ-ਪ੍ਰਬੰਧ ਚਲਾਉਣ ਤੇ ਰਾਜਾ ਬਣਨ ਲਈ ਪ੍ਰੇਰਿਤ ਕੀਤਾ ਹੈ।

ਅਸਲ ਵਿੱਚ ਹਰ ਮਹਾਨ ਵੱਡ-ਪੁਰਸ਼, ਯੋਧਾ ਅਤੇ ਸਮਾਜ-ਹਿਤੈਸ਼ੀ ਵਿਅਕਤੀ ਆਪਣੇ ਸਮੇਂ ਦੀ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਵਿਵਸਥਾ ਦੀ ਉਪਜ ਹੁੰਦਾ ਹੈ। ਕੁੱਝ ਮਹਾਨ ਹਸਤੀਆਂ ਅਜਿਹੀਆਂ ਵੀ ਹੁੰਦੀਆਂ ਹਨ, ਜਿਹੜੀਆਂ

---

2 ਉਹੀ, ਪੰਨਾ 187-188

3 ਉਹੀ, ਪੰਨਾ 188

4 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 856

5 ਉਹੀ, ਪੰਨਾ 657

6 ਉਹੀ, ਪੰਨਾ 1165

7 ਉਹੀ, ਪੰਨਾ 1165

**International Journal of Research in Economics and Social Sciences(IJRESS)**
Available online at: http://euroasiapub.org
Vol. 14 Issue 4, April- 2024
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

ਤਤਕਾਲੀਨ ਵਿਵਸਥਾ ਤੋਂ ਪ੍ਰਭਾਵਿਤ ਵੀ ਹੁੰਦੀਆਂ ਹਨ ਅਤੇ ਤਤਕਾਲੀਨ ਵਿਵਸਥਾ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ; ਇਸਦੇ ਨਾਲ ਇਹ ਪਰਵਰਤੀ ਕਾਲ ਲਈ ਵੀ ਪ੍ਰੇਰਨਾ ਤੇ ਉਤਸ਼ਾਹ ਦਿੰਦੀਆਂ ਹਨ।[8] ਇਹ ਟਿੱਪਣੀ ਭਗਤੀ-ਕਾਲ ਦੇ ਭਗਤ-ਕਵੀਆਂ 'ਤੇ ਬਿਲਕੁਲ ਢੁੱਕਦੀ ਹੈ। ਇਸ ਸਮੇਂ ਦੇ ਵਧੇਰੇ ਭਗਤ-ਕਵੀ ਉਸ ਸਮਾਜਿਕ ਸਮੂਹ/ਵਰਗ ਨਾਲ ਸੰਬੰਧਿਤ ਸਨ, ਜਿਹੜਾ ਸ਼ੋਸ਼ਿਤ, ਦੁਖੀ ਅਤੇ ਨੀਵਾਂ ਸਮਝਿਆ ਜਾਂਦਾ ਸੀ। ਅਜਿਹੇ ਵਰਗ 'ਤੇ ਹੁੰਦੇ ਕੌੜੇ ਵਿਵਹਾਰਾਂ/ਅਨੁਭਵਾਂ ਨੂੰ ਉਨ੍ਹਾਂ ਆਪਣੇ ਪਿੰਡੇ 'ਤੇ ਹੰਢਾਇਆ ਹੋਇਆ ਸੀ। ਇਨ੍ਹਾਂ ਦੀ ਇਸ ਗੱਲ ਦੀ ਪ੍ਰੋੜ੍ਹਤਾ ਕਰਨੀ ਬਣਦੀ ਹੈ ਕਿ ਇਨ੍ਹਾਂ ਨੇ ਸੌਖਾ ਰਾਹ ਨਾ ਅਪਣਾ ਕੇ ਜਨ-ਕਲਿਆਣ ਦਾ ਔਖੇਰਾ ਪੰਧ ਚੁਣਿਆ। ਇਸਲਾਮ ਧਰਮ ਦੇ ਹਿਤੈਸ਼ੀ ਹੋਣ ਨਾਲ ਇਨ੍ਹਾਂ ਨੂੰ ਸ਼ਾਸਕ ਵਰਗ ਵੱਲੋਂ ਹਰ ਪ੍ਰਕਾਰ ਦੀ ਰਾਜਸੀ, ਸਮਾਜਿਕ, ਧਾਰਮਿਕ ਸਹੂਲਤ ਤੇ ਪ੍ਰਸਿੱਧੀ ਪ੍ਰਾਪਤ ਹੋ ਸਕਦੀ ਸੀ ਪਰ ਇਨ੍ਹਾਂ ਨੇ ਇਹ ਸਭ ਮਨਜ਼ੂਰ ਨਾ ਕਰਕੇ ਸੱਤਾ ਵਿਰੋਧੀ ਅਤੇ ਸਮਾਜ-ਹਿਤੈਸ਼ੀ ਹੋਣ ਦਾ ਸਬੂਤ ਦਿੱਤਾ। ਵੇਖਿਆ ਜਾਵੇ ਤਾਂ ਉਸ ਸਮੇਂ ਦਾ ਸਮਾਜ ਮੁੱਖ ਤੌਰ 'ਤੇ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ- ਹਿੰਦੂ ਸਮਾਜ ਤੇ ਮੁਸਲਮਾਨ ਸਮਾਜ। ਇੱਕ ਪਾਸੇ ਪ੍ਰਾਚੀਨ ਪੌਰਾਣਿਕ ਧਰਮ ਅਤੇ ਸਮਾਜਿਕ ਵਿਵਸਥਾ ਪ੍ਰਚੱਲਿਤ ਸੀ, ਦੂਜੇ ਪਾਸੇ ਹਮਲਾਵਰ ਅਤੇ ਉਗਰ ਸ਼ਕਤੀ ਨਾਲ ਸੰਘਰਸ਼ ਸੀ, ਜਿਹੜੀ ਇਸਲਾਮ ਧਰਮ ਦੇ ਰੂਪ ਵਿੱਚ ਮੁਸਲਿਮ ਵਿਜੇਤੀਆਂ ਦੇ ਨਾਲ ਇਸ ਦੇਸ਼ ਵਿੱਚ ਆ ਗਈ ਸੀ।[9]

ਹਿੰਦੂ ਸਮਾਜ ਚਾਰ ਵਰਗਾਂ- ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਆਦਿ ਵਿੱਚ ਵੰਡਿਆ ਹੋਇਆ ਸੀ। ਇਹ ਵੰਡ ਜਨਮ 'ਤੇ ਆਧਾਰਿਤ ਸੀ। ਸ਼ੂਦਰ ਬਾਕੀ ਤਿੰਨ ਵਰਗ ਦੇ ਦਾਸ ਤੇ ਸੇਵਕਾਂ ਦੇ ਰੂਪ ਵਿੱਚ ਭੂਮਿਕਾ ਨਿਭਾਉਂਦੇ ਸਨ ਅਤੇ ਇਨ੍ਹਾਂ ਦਾ ਪਰਛਾਵਾਂ ਪੈਣ ਤੋਂ ਵੀ ਬਾਕੀ ਵਰਗ ਆਪਣੇ ਆਪ ਨੂੰ ਭਿੱਟਿਆ ਹੋਇਆ ਸਮਝਦੇ ਸਨ ਭਾਵ ਕਿ ਸ਼ੂਦਰਾਂ ਦੀ ਹਾਲਤ ਬਹੁਤ ਤਰਸਯੋਗ ਸੀ। ਇਨ੍ਹਾਂ ਨੂੰ ਵੇਦ ਪੜ੍ਹਨ ਅਤੇ ਮੰਦਰ ਵਿੱਚ ਜਾਣ ਦੀ ਇਜਾਜ਼ਤ ਵੀ ਨਹੀਂ ਸੀ। ਭਗਤ ਨਾਮਦੇਵ ਦੀਆਂ ਹੇਠਾਂ ਦਿੱਤੀਆਂ ਸਤਰਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ:

> ਹਸਤ ਖੇਲਤ ਤੇਰੇ ਦੇਹੁਰੇ ਆਇਆ॥
> ਭਗਤਿ ਕਰਤ ਨਾਮਾ ਪਕਰਿ ਉਠਾਇਆ॥
> ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
> ਛੀਪੇ ਕੇ ਜਨਮ ਕਾਹੇ ਕਉ ਆਇਆ॥[10]

ਮੁਸਲਮਾਨ ਸਮਾਜ ਵੀ ਅੱਗੇ ਚਾਰ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਪਹਿਲੇ ਵਰਗ ਵਿੱਚ ਸ਼ਾਸਕ ਅਤੇ ਉਨ੍ਹਾਂ ਦੇ ਸੰਬੰਧੀ ਆਉਂਦੇ ਸਨ। ਇਹ ਲੋਕ ਅਮੀਰ ਅਤੇ ਵਿਲਾਸੀ ਸਨ। ਦੂਜੇ ਵਰਗ ਵਿੱਚ ਮੁੱਲਾ ਅਤੇ ਉਲਮਾ ਆਉਂਦੇ ਸਨ। ਇਹ ਆਪਣੇ ਧਰਮ ਦੇ ਪ੍ਰਚਾਰ ਵਿੱਚ ਲੱਗੇ ਹੋਏ ਸਨ ਅਤੇ ਹਿੰਦੂਆਂ ਉੱਪਰ ਅੱਤਿਆਚਾਰ ਕਰ ਅਤੇ ਕਰਵਾ ਰਹੇ ਸਨ। ਇਹ ਵਰਗ ਬਹੁਤ ਹੰਕਾਰੀ ਹੋ ਗਿਆ ਸੀ। ਤੀਜਾ ਵਰਗ ਸਮਾਜ ਸੈਨਿਕਾਂ ਦਾ ਸੀ। ਇਹ ਲੋਕ ਬਹੁਤ ਜ਼ਾਲਮ ਸਨ। ਚੌਥੀ ਸ਼੍ਰੇਣੀ ਵਿੱਚ ਜਨ ਸਾਧਾਰਨ ਆਉਂਦੇ ਸਨ। ਇਨ੍ਹਾਂ ਵਿੱਚ ਕੋਈ ਰਾਜਨੀਤਿਕ ਚੇਤਨਾ ਨਹੀਂ ਸੀ। ਸਿੱਖਿਆ ਦੀ ਵੀ ਇਨ੍ਹਾਂ ਵਿੱਚ ਘਾਟ ਸੀ ਅਤੇ ਆਰਥਿਕ ਤੌਰ 'ਤੇ ਵੀ ਇਹ ਬਹੁਤ ਪੱਛੜੇ ਹੋਏ ਸਨ। ਇਸ ਤਰ੍ਹਾਂ ਸਾਧਾਰਨ ਜਨਤਾ ਦੁਖੀ ਸੀ।[11]

ਉਸ ਸਮੇਂ ਦੇ ਭਗਤ-ਕਵੀ ਸਮਾਜਿਕ-ਧਾਰਮਿਕ ਖੇਤਰਾਂ ਵਿੱਚ ਪਸਰੇ ਉਨ੍ਹਾਂ ਸਾਰੇ ਵਰਤ-ਵਿਹਾਰਾਂ ਖ਼ਿਲਾਫ਼ ਆਵਾਜ਼ ਬੁਲੰਦ ਕਰ ਰਹੇ ਸਨ, ਜਿਨ੍ਹਾਂ ਵਿੱਚ ਸਰਲ, ਸੁਖੈਨ ਅਤੇ ਅਮਲੀ ਜੀਵਨ ਦੀ ਝਲਕ ਨਹੀਂ ਮਿਲਦੀ ਸੀ। ਅਜਿਹੇ ਗ਼ਲਤ ਵਰਤ-ਵਿਹਾਰਾਂ/ਵਰਤਾਰਿਆਂ ਵਿੱਚ ਵਰਤ ਵੀ ਇੱਕ ਅਜਿਹਾ ਹੀ ਢੌਂਗ ਸੀ, ਜਿਸ ਵਿੱਚ ਕਿਸੇ ਨਿਸ਼ਚਿਤ ਸਮੇਂ ਤੱਕ ਜਲਪਾਨ ਅਤੇ ਅੰਨਪਾਨ ਨਾ ਕਰਨ ਦਾ ਪ੍ਰਣ ਕੀਤਾ ਜਾਂਦਾ ਸੀ ਮੱਧਕਾਲੀਨ ਸੱਭਿਆਚਾਰ ਵਿੱਚ ਵੀ ਵਿਸ਼ੇਸ਼ ਦਿਨਾਂ-ਵਾਰਾਂ

---

8 ਦੇਵਿੰਦਰ ਕੁਮਾਰੀ ਮਹਿੰਦਰੂ, *ਭਗਤੀ ਕਾਲ ਦੇ ਸੰਤਾਂ ਦੀ ਸੰਪ੍ਰਦਾਇਕ ਭਾਵਨਾ*, ਭਾਸ਼ਾ ਵਿਭਾਗ, ਪੰਜਾਬ, 1999, ਪੰਨਾ 30

9 ਉਹੀ, ਪੰਨਾ 33-34

10 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1164

11 ਦੇਵਿੰਦਰ ਕੁਮਾਰੀ ਮਹਿੰਦਰੂ, *ਭਗਤੀ ਕਾਲ ਦੇ ਸੰਤਾਂ ਦੀ ਸੰਪ੍ਰਦਾਇਕ ਭਾਵਨਾ*, ਭਾਸ਼ਾ ਵਿਭਾਗ, ਪੰਜਾਬ, 1999, ਪੰਨਾ 34

ਅਤੇ ਪੁੰਨ ਫਲ ਨਾਲ ਜੋੜੇ ਜਾ ਚੁੱਕੇ ਵਰਤਾਂ ਦੀ ਗਿਣਤੀ ਕਰਨੀ ਕਠਿਨ ਸੀ। ਇਹ ਵਰਤ ਇਕਾਦਸ਼ੀ, ਦੁਆਦਸ਼ੀ, ਅਸ਼ਟਮੀ, ਨਵਮੀ, ਦਸਮੀ, ਨੌਰਾਤਿਆਂ, ਕਰਵਾਚੌਥ, ਚੰਦ੍ਰਾਇਣ ਅਤੇ ਅਹੋਈ ਆਦਿ ਦੇ ਅਵਸਰਾਂ 'ਤੇ ਰੱਖੇ ਜਾਂਦੇ ਸਨ।[12] ਇਨ੍ਹਾਂ ਦੀ ਪੁਸ਼ਟੀ ਹੇਠਾਂ ਦਿੱਤੀਆਂ ਭਗਤ-ਬਾਣੀ ਵਿਚਲੀਆਂ ਸਤਰਾਂ ਤੋਂ ਹੋ ਜਾਂਦੀ ਹੈ, ਜਿਨ੍ਹਾਂ ਰਾਹੀਂ ਭਗਤ-ਕਵੀ ਇਨ੍ਹਾਂ ਵਰਤ-ਵਿਹਾਰਾਂ ਦੀ ਨਿਰਾਰਥਕਤਾ ਨੂੰ ਵੀ ਬਿਆਨਦੇ ਹਨ:

(ੳ) ਛੋਡਹਿ ਅੰਨੁ ਕਰਹਿ ਪਾਖੰਡ॥
ਨਾ ਸੋਹਾਗਨਿ ਨਾ ਓਹਿ ਰੰਡ॥
ਜਗ ਮਹਿ ਬਕਤੇ ਦੂਧਾਧਾਰੀ॥
ਗੁਪਤੀ ਖਾਵਹਿ ਵਟਿਕਾ ਸਾਰੀ॥
ਅੰਨੈ ਬਿਨਾ ਨ ਹੋਇ ਸੁਕਾਲੁ॥
ਤਜਿਐ ਅੰਨਿ ਨ ਮਿਲੈ ਗੁਪਾਲੁ॥[13]

(ਅ) ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈਂ॥[14]

ਜਿਵੇਂ ਭਗਤ ਕਵੀਆਂ ਦੇ ਤਤਕਾਲੀਨ ਸਮਾਜ ਵਿੱਚ ਹਿੰਦੂ ਧਰਮ ਦੇ ਅਠਾਹਠ (ਅਠਸਠ) ਤੀਰਥਾਂ ਦੀ ਮਹਾਨਤਾ ਪ੍ਰਵਾਨਿਤ ਸੀ, ਤਿਵੇਂ ਹੀ ਇੱਕ ਮੋਮਨ ਮੁਸਲਮਾਨ ਲਈ ਕਾਅਬੇ ਦੇ ਹੱਜ ਦਾ ਮਹਾਤਮ ਭਾਵ ਮੱਕੇ-ਮਦੀਨੇ ਦੀ ਯਾਤਰਾ ਕਰਨ ਨੂੰ ਉੱਤਮ ਮੰਨਿਆ ਜਾਂਦਾ ਸੀ:

ਕਹਾ ਉਡੀਸੇ ਮਜਨੁ ਕੀਆ ਕਿਆ ਮਸਿਤ ਸਿਰੁ ਨਾਂਏਂ॥
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥[15]

ਇਸ ਤੋਂ ਇਲਾਵਾ ਭਗਤ-ਕਵੀਆਂ ਨੇ ਨਮਾਜ਼, ਕਲਮਾ, ਸੁੰਨਤ ਅਤੇ ਕਾਜ਼ੀ ਆਦਿ ਮੁਸਲਿਮ ਧਰਮ ਦੇ ਅਕੀਦਿਆਂ/ਸੰਕਲਪਾਂ ਦੇ ਅਸਲ ਵਰਤਾਰਿਆਂ ਨੂੰ ਆਪਣੀਆਂ ਸਿਰਜਣਾਵਾਂ ਜ਼ਰੀਏ ਲੋਕਾਈ 'ਤੇ ਸੰਬੰਧਿਤ ਸ਼ਖ਼ਸੀਅਤਾਂ ਨੂੰ ਦ੍ਰਿੜ੍ਹ ਕਰਵਾਇਆ ਹੈ:

(ੳ) ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥[16]

(ਅ) ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥[17]

ਭਗਤ ਕਬੀਰ ਅਤੇ ਰਵਿਦਾਸ ਆਪਣੀ ਨੀਵੀਂ ਜਾਤ ਜੁਲਾਹਾ/ਚਮਾਰ ਦਾ ਜ਼ਿਕਰ ਕਰਦਿਆਂ, ਇਸ ਜਾਤ ਵਿੱਚ ਜਨਮ ਲੈਣ ਨੂੰ ਚੰਗੇਰਾ ਅਤੇ ਵੱਡਾ ਹੋਇਆ ਕਹਿੰਦਿਆਂ ਆਖਦੇ ਹਨ:

(ੳ) ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥[18]

---

12 ਡਾ. ਕੁਲਵੰਤ ਕੌਰ, *ਗੁਰਬਾਣੀ ਅਤੇ ਸੱਭਿਆਚਾਰ*, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2011, ਪੰਨਾ 68

13 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 872

14 ਉਹੀ, ਪੰਨਾ 718

15 ਉਹੀ, ਪੰਨਾ 1349

16 ਉਹੀ, ਪੰਨਾ 477

17 ਉਹੀ, ਪੰਨਾ 1364

18 ਉਹੀ, ਪੰਨਾ 1293

(ਅ) ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥[19]

ਉਪਰੋਕਤ ਬਿਰਤਾਂਤ ਤੋਂ ਬਾਅਦ ਸਮਕਾਲੀ ਸਮਾਜਿਕ-ਧਾਰਮਿਕ ਦਸ਼ਾ ਨੂੰ ਹੋਰ ਸੰਖੇਪ ਸ਼ਬਦਾਂ ਵਿੱਚ ਉਲੀਕਦਿਆਂ ਕਹਿ ਸਕਦੇ ਹਾਂ ਕਿ "ਇਸ ਵੇਲੇ ਤੱਕ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਚੱਲ ਰਿਹਾ ਸੰਘਰਸ਼ ਆਪਣੇ ਚਰਮ ਬਿੰਦੂ ਤੱਕ ਪਹੁੰਚ ਚੁੱਕਿਆ ਸੀ। ਦੋਵਾਂ ਵਿੱਚ ਕੱਟੜਤਾ ਇਸ ਹੱਦ ਤੱਕ ਵੱਧ ਗਈ ਸੀ ਕਿ ਉਹ ਇੱਕ-ਦੂਜੇ ਦੇ ਪਰਛਾਵੇਂ ਤੱਕ ਤੋਂ ਪਰਹੇਜ਼ ਕਰਦੇ ਸਨ। ਪਾਖੰਡ, ਕਰਮ-ਕਾਂਡ ਦੋਵਾਂ ਧਰਮਾਂ ਵਿੱਚ ਰੱਜ ਕੇ ਪ੍ਰਵੇਸ਼ ਕਰ ਚੁੱਕਿਆ ਸੀ ਅਤੇ ਧਰਮ ਦੀ ਅਸਲੀ ਭਾਵਨਾ ਲੁਪਤ ਹੋ ਗਈ ਸੀ।"[20] ਪ੍ਰੰਤੂ ਇਸਦੇ ਉਲਟ ਭਗਤ ਕਵੀਆਂ ਨੇ ਆਪਣੀ ਸਮਕਾਲੀਨ ਲੋਕਾਈ ਨੂੰ ਸਾਰੇ ਮਨੁੱਖਾਂ ਨੂੰ ਸਮਾਨ ਰੂਪ ਵਿੱਚ ਪੈਦਾ ਕਰਨ ਵਾਲੀ ਸ਼ਕਤੀ ਅਕਾਲ ਪੁਰਖ ਦਾ ਨਾਮ ਜਪਣ ਦੀ ਸਿੱਖਿਆ ਦਿੰਦਿਆਂ ਦ੍ਰਿੜ੍ਹ ਕਰਵਾਇਆ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥[21]

**ਸਿੱਟਾ:-** ਭਗਤ-ਕਵੀਆਂ ਨੇ ਆਪਣੇ ਤਤਕਾਲੀਨ ਰਾਜਨੀਤਿਕ ਜੀਵਨ ਅਤੇ ਸਮਾਜਿਕ-ਧਾਰਮਿਕ ਵਰਤ-ਵਰਤਾਰਿਆਂ ਨੂੰ ਆਪਣੀ ਬਾਣੀ ਵਿੱਚ ਚੰਗੀ ਤਰ੍ਹਾਂ ਨਿਭਾਇਆ ਹੈ। ਉਨ੍ਹਾਂ ਨੇ ਰਾਜੇ ਨੂੰ ਚੰਗੇਰਾ ਅਤੇ ਲੋਕ-ਹਿਤੈਸ਼ੀ ਬਾਦਸ਼ਾਹ ਬਣਨ ਦੀ ਪ੍ਰੇਰਨਾ ਦਿੱਤੀ ਹੈ। ਸਾਰੇ ਭਗਤਾਂ ਵਿੱਚੋਂ ਕਿਸੇ ਨੇ ਵੀ ਆਪਣੇ ਸਮਕਾਲੀ ਰਾਜੇ ਦੀ ਵਿਸ਼ੇਸ਼ ਰੂਪ ਵਿੱਚ ਮਦਦ ਜਾਂ ਉਸਤਤੀ ਨਹੀਂ ਕੀਤੀ ਹੈ। ਇਸ ਤੋਂ ਇਲਾਵਾ ਭਗਤ-ਕਵੀਆਂ ਨੇ ਸਮਾਜਿਕ ਬਰਾਬਰੀ ਭਾਵ ਜਾਤੀ ਭੇਦ-ਭਾਵ ਤੇ ਰੰਗ-ਨਸਲ ਅਤੇ ਸ਼ਖ਼ਸੀ ਆਜ਼ਾਦੀ ਦੀ ਭਾਵਨਾ ਨੂੰ ਸਨਮੁੱਖ ਰੱਖ ਕੇ ਹਰ ਪ੍ਰਕਾਰ ਦੀ ਅਸਮਾਨਤਾ ਅਤੇ ਭੇਦ-ਭਾਵ ਨੂੰ ਦੂਰ ਕਰਨ ਲਈ ਯਤਨ ਕੀਤੇ ਅਤੇ ਸਮਕਾਲੀ ਧਰਮਾਂ ਵਿੱਚ ਫ਼ੈਲੈ ਅਡੰਬਰਾਂ/ਵਰਤ-ਵਿਹਾਰਾਂ ਨੂੰ ਵੀ ਨੰਗਿਆਂ ਕੀਤਾ ਹੈ।

[19] ਉਹੀ, ਪੰਨਾ 1364

[20] ਦੇਵਿੰਦਰ ਕੁਮਾਰੀ ਮਹਿੰਦਰੂ, *ਭਗਤੀ ਕਾਲ ਦੇ ਸੰਤਾਂ ਦੀ ਸੰਪ੍ਰਦਾਇਕ ਭਾਵਨਾ*, ਭਾਸ਼ਾ ਵਿਭਾਗ, ਪੰਜਾਬ, 1999, ਪੰਨਾ 32

[21] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1349